## ਜੇ ਮੇਰੀ ਪੀ ਏ ਸੀ ਵਿਚ ਸ਼ਾਮਲ ਹੋਣ ਦੀ ਦਿਲਚਸਪੀ ਹੋਵੇ ਪਰ ਮੈਂ ਹਿੱਸਾ ਨਾ ਲੈ ਸਕਦੀ/ਸਕਦਾ ਹੋਵਾਂ ਕਿਉਂਕਿ ਘਰ ਵਿਚ ਮੇਰੇ ਛੋਟੇ ਬੱਚੇ ਹਨ ਤਾਂ ਮੈਂ ਕੀ ਕਰ ਸਕਦੀ/ਸਕਦਾ ਹਾਂ?

ਬਹੁਤ ਸਾਰੇ ਸਕੂਲ ਉਨ੍ਹਾਂ ਮਾਪਿਆਂ ਲਈ ਸਕੂਲ ਵਿਚ ਬੱਚਿਆਂ ਦੀ ਸੰਭਾਲ ਕਰਨ ਦੀ ਸਹੂਲਤ ਦਿੰਦੇ ਹਨ ਜਿਹੜੇ ਪੀ ਏ ਸੀ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋ ਰਹੇ ਹੁੰਦੇ ਹਨ।

ਬੱਚਿਆਂ ਦੀ ਸੰਭਾਲ (ਚਾਇਲਡਕੇਅਰ) ਦੇ ਪ੍ਰਬੰਧਾਂ ਬਾਰੇ ਸਕੂਲ ਦੇ ਸੈਕਟਰੀ ਨਾਲ ਗੱਲ ਕਰੋ।

## ਆਪਣੇ ਬੱਚੇ ਦੇ ਸਕੂਲ ਵਿਚ ਪੀ ਏ ਸੀ ਬਾਰੇ ਮੈਂ ਹੋਰ ਕਿਵੇਂ ਜਾਣ ਸਕਦੀ/ਸਕਦਾ ਹਾਂ?

- ਸਕੂਲ ਦਾ ਨਿਊਜ਼ਲੈਟਰ ਪੜ੍ਹੋ ਜਾਂ ਇਸ ਦੇ ਵੈੱਬਸਾਈਟ ’ਤੇ ਜਾਉ।
- ਸਕੂਲ ਦੇ ਕਮਿਊਨਟੀ ਬੁਲੇਟਿਨ ਬੋਰਡ ’ਤੇ ਜਾਣਕਾਰੀ ਦੇਖੋ।
- ਸਕੂਲ ਸੈਕਟਰੀ ਨੂੰ ਪੁੱਛੋ।
- ਪੀ ਏ ਸੀ ਬਾਰੇ ਆਪਣੀ ਜ਼ਬਾਨ ਵਿਚ ਜ਼ਿਆਦਾ ਜਾਣਕਾਰੀ ਲੈਣ ਲਈ ਸਕੂਲ ਦੇ ਮਲਟੀਕਲਚਰਲ ਲਾਇਜ਼ਾਨ ਵਰਕਰ ਨਾਲ ਜਾਂ ਸੈਟਲਮੈਂਟ ਵਰਕਰ ਇਨ ਸਕੂਲਜ਼ (ਸਵਿਸ) ਨਾਲ ਸੰਪਰਕ ਕਰੋ।

VSB

**“Parent Advisory Council”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ  ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia – The Best Place on Earth | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਮਾਪਿਆਂ ਦੀ ਸਲਾਹਕਾਰੀ ਕਮੇਟੀ



## *ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ*

*ਸਕੂਲ ਦੇ ਬੱਚਿਆਂ ਦੇ ਸਾਰੇ ਮਾਪਿਆਂ ਦਾ ਪੀ ਏ ਸੀ ਵਿਚ ਸ਼ਾਮਲ ਹੋਣ ਦਾ ਸੁਆਗਤ ਕੀਤਾ ਜਾਂਦਾ ਹੈ।*

*ਜਦੋਂ ਵੀ ਸੰਭਵ ਹੋਵੇ, ਉਨ੍ਹਾਂ ਮਾਪਿਆਂ ਲਈ ਅਨੁਵਾਦ ਪ੍ਰਦਾਨ ਕੀਤਾ ਜਾ ਸਕਦਾ ਹੈ ਜਿਹੜੇ ਆਪਣੇ ਅੰਗਰੇਜ਼ੀ ਦੇ ਹੁਨਰ ਇੰਨੇ ਕੁ ਵਧੀਆ ਨਹੀਂ ਸਮਝਦੇ ਕਿ ਉਹ ਪੂਰੀ ਤਰ੍ਹਾਂ ਹਿੱਸਾ ਲੈ ਸਕਣ।*

*ਇਲਾਕੇ ਵਿਚਲੇ ਬਹੁਤ ਸਾਰੇ ਨਵੇਂ ਮਾਪੇ ਕਿਸੇ ਦੋਸਤ ਜਾਂ ਗੁਆਂਢੀ ਨਾਲ ਆਉਣ ਦੀ ਚੋਣ ਕਰਦੇ ਹਨ।*

## ਮਾਪਿਆਂ ਦੀ ਸਲਾਹਕਾਰੀ ਕਮੇਟੀ (ਪੀ ਏ ਸੀ) ਕੀ ਹੈ?

ਬ੍ਰਿਟਿਸ਼ ਕੋਲੰਬੀਆ ਦੇ ਹਰ ਸਰਕਾਰੀ ਸਕੂਲ ਵਿਚ ਮਾਪਿਆਂ ਦੀ ਸਲਾਹਕਾਰੀ ਕਮੇਟੀ (ਪੇਰੈਂਟ ਐਡਵਾਈਜ਼ਰੀ ਕਮੇਟੀ) ਹੁੰਦੀ ਹੈ।

ਇਹ ਮਾਪਿਆਂ ਦੇ ਗਰੁੱਪ, ਪ੍ਰਬੰਧਕਾਂ ਤੋਂ ਬਣੀ ਹੋਈ ਹੁੰਦੀ ਹੈ ਅਤੇ ਇਸ ਵਿਚ ਟੀਚਰ ਵੀ ਸ਼ਾਮਲ ਹੋ ਸਕਦੇ ਹਨ।

ਪੀ ਏ ਸੀ ਮਹੀਨੇ ਵਿਚ ਤਕਰੀਬਨ ਇਕ ਵਾਰੀ ਮਿਲਦੀ ਹੈ, ਆਮ ਤੌਰ 'ਤੇ ਸ਼ਾਮਾਂ ਨੂੰ।

## ਸਕੂਲਾਂ ਵਿਚ ਪੀ ਏ ਸੀ ਕਿਉਂ ਹੈ?

ਪੀ ਏ ਸੀ ਦਾ ਮੁੱਖ ਮੰਤਵ ਟੀਚਿਆਂ ਅਤੇ ਉਦੇਸ਼ਾਂ 'ਤੇ ਵਿਚਾਰ ਕਰਨਾ ਅਤੇ ਇਨ੍ਹਾਂ ਨੂੰ ਮਿੱਥਣਾ ਹੈ ਤਾਂ ਜੋ ਇਹ ਸਕੂਲ ਅਤੇ ਸਕੂਲ ਕਮਿਊਨਟੀ ਨੂੰ ਬਿਹਤਰ, ਸੁਰੱਖਿਅਤ ਥਾਂ ਬਣਾਉਣ ਵਿਚ ਮਦਦ ਕਰ ਸਕੇ।

ਪੀ ਏ ਸੀ ਇਹ ਵੀ ਕਰਦੀ ਹੈ:

- ਆਪਣੇ ਬੱਚਿਆਂ ਦੀ ਪੜ੍ਹਾਈ ਵਿਚ ਮਾਪਿਆਂ ਦੀ ਆਵਾਜ਼ ਬਣਦੀ ਹੈ;
- ਮਾਪਿਆਂ ਨੂੰ ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦਿੰਦੀ ਹੈ; ਅਤੇ
- ਮਾਪਿਆਂ ਨੂੰ ਇਕ ਦੂਜੇ ਨਾਲ ਮਿਲਣ, ਗੱਪਸ਼ੱਪ ਮਾਰਨ ਅਤੇ ਗੱਲਾਂ ਕਰਨ ਦਾ ਮੌਕਾ ਦਿੰਦੀ ਹੈ।

## ਉਹ ਕਿਹੜੀਆਂ ਕੁਝ ਚੀਜ਼ਾਂ ਹਨ ਜਿਹੜੀਆਂ ਪੀ ਏ ਸੀ ਸਕੂਲ ਲਈ ਕਰ ਸਕਦੀ ਹੈ?

ਪੀ ਏ ਸੀ ਵੱਖ ਵੱਖ ਪ੍ਰੋਜੈਕਟ ਕਰਨ ਦੇ ਤਰੀਕੇ ਲੱਭਣ ਲਈ ਸਕੂਲ ਦੀ ਮਦਦ ਕਰਦੀ ਹੈ ਜਿਵੇਂ ਕਿ:

- ਖੇਡ ਦੇ ਮੈਦਾਨ ਜਾਂ ਜਿੰਮ ਲਈ ਨਵਾਂ ਸਾਜ਼-ਸਮਾਨ ਖਰੀਦਣਾ।
- ਸਕੂਲ ਦੇ ਕੰਪਿਊਟਰਾਂ ਅਤੇ/ਜਾਂ ਕੰਪਿਊਟਰ ਪ੍ਰੋਗਰਾਮਾਂ ਨੂੰ ਨਵਿਆਉਣਾ।
- ਸਕੂਲ ਦਾ ਗਾਰਡਨ ਬਣਾਉਣਾ ਜਾਂ ਇਸ ਨੂੰ ਸੁਧਾਰਨਾ।
- ਖਾਸ ਪ੍ਰੋਗਰਾਮ ਤਿਆਰ ਕਰਨ ਵਿਚ ਮਦਦ ਕਰਨਾ, ਉਦਾਹਰਣ ਲਈ ਧੱਕੇਸ਼ਾਹੀ ਰੋਕਣ ਲਈ।
- ਉਨ੍ਹਾਂ ਟੀਚਰਾਂ ਦੀ ਮਦਦ ਕਰਨਾ ਜਿਹੜੇ ਅਜਿਹੇ ਖਾਸ ਪ੍ਰੋਗਰਾਮ ਬਣਾਉਣਾ ਚਾਹੁੰਦੇ ਹਨ ਜਿਨ੍ਹਾਂ ਲਈ ਵਾਧੂ ਫੰਡਾਂ ਦੀ ਲੋੜ ਹੈ।
- ਅਜਿਹੇ ਸਕੂਲ ਪ੍ਰੋਗਰਾਮਾਂ ਦੀ ਵਿਉਂਤਬੰਦੀ ਕਰਨ ਅਤੇ ਪ੍ਰੋਗਰਾਮ ਕਰਵਾਉਣ ਵਿਚ ਮਦਦ ਕਰਨਾ ਜਿਹੜੇ ਸਕੂਲ ਸਾਲ ਦੌਰਾਨ ਖਾਸ ਮੌਕਿਆਂ ਦਾ ਜਸ਼ਨ ਮਨਾਉਂਦੇ ਹਨ।

## ਪੀ ਏ ਸੀ ਵਿਚ ਸ਼ਾਮਲ ਹੋਣ ਦੇ ਕੀ ਫਾਇਦੇ ਹਨ?

ਪੀ ਏ ਸੀ ਵਿਚ ਸ਼ਾਮਲ ਹੋਣਾ ਮਰਜ਼ੀ 'ਤੇ ਨਿਰਭਰ ਕਰਦਾ ਹੈ। ਪਰ, ਇਸ ਵਿਚ ਸ਼ਾਮਲ ਹੋਣ ਨਾਲ ਮਾਪਿਆਂ ਨੂੰ ਇਹ ਮੌਕੇ ਮਿਲਦੇ ਹਨ:

- ਹੋਰ ਮਾਪਿਆਂ ਨੂੰ ਮਿਲਣ ਦੇ;
- ਸਕੂਲ ਬਾਰੇ ਜ਼ਿਆਦਾ ਜਾਣਨ ਦੇ; ਅਤੇ
- ਸੁਝਾਅ ਦੇਣ ਅਤੇ ਸਵਾਲ ਪੁੱਛਣ ਦੇ।

